ਜਲੰਧਰ ਅਜੀਤ ਅਜੀਤ ਜਲੰਧਰ ਸ਼ੁੱਕਰਵਾਰ, 8 ਮਈ 2026

ਨਗਰ ਨਿਗਮ ਨੇ 6 ਨਾਜਾਇਜ਼ ਚਲਦੀਆਂ 6 ਡੇਅਰੀਆਂ ਦੇ ਕੱਟੇ ਚਲਾਨ

ਜਲੰਧਰ, 7 ਮਈ (ਸ਼ਿਵ)- ਸ਼ਹਿਰ ਅੰਦਰ ਗੈਰਕਾਨੂੰਨੀ ਤਰੀਕੇ ਨਾਲ ਚੱਲ ਰਹੀਆਂ ਡੇਅਰੀਆਂ ਖ਼ਿਲਾਫ਼ ਕਾਰਵਾਈ ਕਰਦਿਆਂ ਪੁਲਿਸ ਅਤੇ ਨਿਗਮ ਪ੍ਰਸ਼ਾਸਨ

ਡੇਅਰੀ ਮਾਲਕਾਂ ਦੇ ਚਲਾਨ ਕੱਟਦੀ ਹੋਈ ਨਿਗਮ ਟੀਮ ਦੇ ਮੈਂਬਰ। ਤਸਵੀਰ: ਜੀ. ਪੀ. ਸਿੰਘ

ਵੱਲੋਂ ਬਾਬੂ ਲਾਭ ਸਿੰਘ ਨਗਰ ਅਤੇ ਨਿਊ ਰਤਨ ਨਗਰ ਇਲਾਕੇ ਵਿਚ 6 ਡੇਅਰੀ ਮਾਲਕਾਂ ਦੇ ਚਲਾਨ ਕੱਟੇ ਗਏ। ਇਹ ਡੇਅਰੀਆਂ ਸ਼ਹਿਰ ਦੀ ਹੱਦ ਅੰਦਰ ਚੱਲ ਰਹੀਆਂ ਸਨ, ਜਿਸ ਕਾਰਨ ਇਲਾਕੇ ਵਿਚ ਗੰਦਗੀ ਅਤੇ ਅਣਸੁੱਧਰੇ ਹਾਲਾਤ ਪੈਦਾ ਹੋ ਰਹੇ ਸਨ। ਸਿਹਤ ਅਫ਼ਸਰ ਡਾ. ਸ਼ੀਨ ਕ੍ਰਿਸ਼ਨ ਨੇ ਦੱਸਿਆ ਕਿ ਇਨ੍ਹਾਂ ਡੇਅਰੀਆਂ ਵਿਚ 6 ਤੋਂ 12 ਤੱਕ ਪਸ਼ੂ ਰੱਖੇ ਹੋਏ ਸਨ। ਕਾਰਵਾਈ ਦੌਰਾਨ ਐੱਸ.ਆਈ. ਰਾਜਿੰਦਰ ਨੇ ਟੀਮ ਸਮੇਤ ਮੌਕੇ ਤੇ ਪਹੁੰਚ ਕੇ ਚਲਾਨ ਕੀਤੇ ਅਤੇ ਡੇਅਰੀ ਮਾਲਕਾਂ ਨੂੰ ਨਿਯਮਾਂ ਦੀ ਪਾਲਨਾ ਕਰਨ ਲਈ ਚੇਤਾਵਨੀ ਵੀ ਦਿੱਤੀ। ਸਬਾਨਕ ਲੋਕਾਂ ਨੇ ਵੀ ਕਿਹਾ ਕਿ ਡੇਅਰੀਆਂ ਕਾਰਨ ਗੰਦਗੀ, ਬਦਬੂ ਅਤੇ ਮੱਛਰਾਂ ਦੀ ਸਮੱਸਿਆ ਵੱਧ ਰਹੀ ਸੀ, ਜਿਸ ਨਾਲ ਲੋਕਾਂ ਦੀ ਸਿਹਤ ਪ੍ਰਭਾਵਿਤ ਹੋ ਰਹੀ ਸੀ। ਪ੍ਰਸ਼ਾਸਨ ਨੇ ਕਿਹਾ ਕਿ ਸ਼ਹਿਰ ਅੰਦਰ ਗੈਰਕਾਨੂੰਨੀ ਡੇਅਰੀਆਂ ਖ਼ਿਲਾਫ਼ ਅੱਗੇ ਵੀ ਮੁਹਿੰਮ ਜਾਰੀ ਰਹੇਗੀ।

ਡਾ. ਵਰੁਣ ਗੁਪਤਾ ਦਾ ਸਨਮਾਨ ਕਰਦੇ ਹੋਏ ਏ.ਐਸ.ਆਈ. ਦੇ ਪ੍ਰਧਾਨ ਡਾ. ਨਰਿੰਦਰ ਪਾਲ, ਡਾ. ਰਮੇਸ਼ ਅਨੰਦ, ਡਾ. ਵਾਸਿਸਥਾ, ਡਾ. ਅਭਿਜੀਤ ਪਰਮਾਰ, ਡਾ. ਰਿਪਨ ਮਿਗਲਾਨੀ, ਡਾ. ਅੰਕਿਤ, ਡਾ. ਅਸੀਮ ਗੁੰਬਰ ਅਤੇ ਹੋਰ। ਤਸਵੀਰ : ਮੁਨੀਸ਼

ਪਟੇਲ ਹਸਪਤਾਲ ਵਲੋਂ ਐਸੋਸੀਏਸ਼ਨ ਆਫ਼ ਸਰਜਨਜ਼ ਆਫ਼ ਇੰਡੀਆ, ਜਲੰਧਰ ਸਿਟੀ ਚੈਪਟਰ ਦੇ ਸਹਿਯੋਗ ਨਾਲ ਸੀ.ਐੱਮ.ਈ. ਕਰਵਾਈ

ਜਲੰਧਰ, 7 ਮਈ (ਐਮ. ਐੱਸ. ਲੋਹੀਆ) - ਪਟੇਲ ਹਸਪਤਾਲ, ਜਲੰਧਰ ਵਲੋਂ ਐਸੋਸੀਏਸ਼ਨ ਆਫ਼ ਸਰਜਨਜ਼ ਆਫ਼ ਇੰਡੀਆ ਦੇ ਸਹਿਯੋਗ ਨਾਲ "ਸਰਜੀਕਲ ਕੇਅਰ ਨਾਨ-ਸਰਜੀਕਲ ਰੀਸਟੋਰੇਸ਼ਨਰੇਂਜੇਸ਼ੀ" ਵਿਸ਼ੇ 'ਤੇ ਇਕ ਸਫ਼ਲ ਸੀ.ਐੱਮ.ਈ. (ਕੰਟੀਨਿਊਇੰਗ ਮੈਡੀਕਲ ਐਜੂਕੇਸ਼ਨ) ਕਰਵਾਈ ਗਈ। ਇਸ ਅਕਾਦਮਿਕ ਪ੍ਰੋਗਰਾਮ 'ਚ ਸਰਜਨ ਅਤੇ ਅਸਾਨ-ਪਾਸ ਦੇ ਇਲਾਕਿਆਂ ਤੋਂ ਆਏ ਸਲਾਹਕਾਰ ਅਤੇ ਸਿਹਤ ਮਾਹਿਰਾਂ ਨੇ ਉਤਸ਼ਾਹ ਨਾਲ ਭਾਗ ਲਿਆ। ਪ੍ਰੋਗਰਾਮ ਦੌਰਾਨ ਮਾਹਿਰ ਡਾਕਟਰਾਂ ਵਲੋਂ ਵਿਭਿੰਨ ਲੈਕਚਰ ਦਿੱਤੇ ਗਏ, ਜਿਸ ਨਾਲ ਇਹ ਪ੍ਰੋਗਰਾਮ ਰੀਸਟੋਰੇਟਿਵ ਰੀਜ਼ੀਨੇਰੇਸ਼ੀਜ਼ੀ ਦੇ ਆਧੁਨਿਕ ਇਲਾਜਾਂ, ਨਵੀਆਂ ਤਕਨੀਕਾਂ ਅਤੇ ਸਟਿਲ ਮਾਮਲਿਆਂ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਇਕ ਮਹੱਤਵਪੂਰਨ ਮੰਚ ਵਜੋਂ ਸਾਬਿਤ ਹੋਇਆ। ਇਸ ਮੌਕੇ ਡਾ. ਵਰੁਣ ਗੁਪਤਾ ਨੇ ਲੈਕਚਰ ਦਿੰਦਿਆਂ ਦੁਰਲ੭ ਤਕਨੀਕ ਅਤੇ ਜਟਿਲ ਕੇਂਡੋਸਕੋਪੀ ਕੇਸਾਂ ਅਤੇ ਆਧੁਨਿਕ ਬੈਰਾਪਿਊਟਿਕ ਐਂਡੋਸਕੋਪੀ ਤਕਨੀਕਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਡਾ. ਅਨੀਸ਼ੂਲ ਗੋਇਲ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਆਧੁਨਿਕ ਸਰਜੀਕਲ ਮੈਨੇਜਮੈਂਟ ਅਤੇ ਬਿਹਤਰ ਰਿਜ਼ਾਲਟ ਨਤੀਜਿਆਂ ਬਾਰੇ ਚਰਚਾ ਕੀਤੀ। ਇਸ ਮੌਕੇ 'ਤੇ ਪਟੇਲ ਹਸਪਤਾਲ, ਜਲੰਧਰ 'ਚ ਉਪਲਬਧ ਰੀਸਟੋਰੇਸ਼ਨ ਸਿਹਤ ਸੇਵਾਵਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਮਾਹਿਰਾਂ ਨੇ ਦੱਸਿਆ ਕਿ ਹਸਪਤਾਲ 'ਚ ਉਪਲਬਧ ਆਧੁਨਿਕ ਸੁਵਿਧਾਵਾਂ ਜ਼ਿਆਦੀ ਦੇ ਸਹੀ ਨਿਦਾਨ ਅਤੇ ਬਿਹਤਰ ਇਲਾਜ 'ਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਪ੍ਰੋਗਰਾਮ 'ਚ ਸੀ.ਸੀ.ਈ.ਐੱਸ.ਆਈ. ਦੇ ਅਹੁਦੇਦਾਰ ਡਾ. ਨਰਿੰਦਰ ਪਾਲ (ਪ੍ਰਧਾਨ), ਡਾ. ਅਸੀਮ ਗੁੰਬਰ ਅਤੇ ਡਾ. ਪੁਨੀਤ ਗਰੋਵਰ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਉਨ੍ਹਾਂ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਅਕਾਦਮਿਕ ਪ੍ਰੋਗਰਾਮ ਮੈਡੀਕਲ ਖੇਤਰ 'ਚ ਨਿਰੰਤਰ ਗਿਆਨਵਰਧਕ ਅਤੇ ਆਪਸੀ ਸਹਿਯੋਗ ਨੂੰ ਮਜ਼ਬੂਤ ਕਰਦੇ ਹਨ। ਇਸ ਮੌਕੇ 'ਤੇ ਪਟੇਲ ਹਸਪਤਾਲ, ਜਲੰਧਰ ਦੇ ਪ੍ਰਤੀਨਿਧੀਆਂ ਨੇ ਮੈਡੀਕਲ ਸਿੱਖਿਆ, ਨਵੀਂ ਤਕਨੀਕ ਅਤੇ ਮਲਟੀਡਿਸਿਪਲਿਨਰੀ ਹੈਲਥਕੇਅਰ ਨੂੰ ਉਤਸ਼ਾਹਿਤ ਕਰਨ ਲਈ ਆਪਣੀ ਵਚਨਬੰਧਤਾ ਦੁਹਰਾਈ। ਇਸ ਮੌਕੇ ਡਾ. ਸ਼ਲਿਜ ਚੋਪੜਾ, ਡਾ. ਅਗੀਤਵ ਅਨੰਦ, ਡਾ. ਰਮੇਸ਼ ਅਨੰਦ, ਡਾ. ਵਸਿਸਥਾ, ਡਾ. ਅਭਿਜੀਤ ਪਰਮਾਰ, ਡਾ. ਰਿਪਨ ਮਿਗਲਾਨੀ, ਡਾ. ਅੰਕਿਤ, ਡਾ. ਅਸੀਮ ਗੁੰਬਰ ਅਤੇ ਹੋਰ ਹਾਜ਼ਰ ਸਨ।

ਜੀ.ਐੱਸ.ਟੀ. ਵਿਭਾਗ ਨੇ ਡਿਫਾਲਟਰ ਸ਼ੈਲਰ ਦੀ ਜ਼ਮੀਨ ਦੀ ਕਰਵਾਈ ਬੋਲੀ

ਵਿਭਾਗ ਦੀ ਡੀ.ਸੀ.ਐੱਸ.ਟੀ. ਦੀ ਅਗਵਾਈ ਵਿਚ ਬੋਲੀ ਪ੍ਰਕਿਰਿਆ ਹੋਈ ਸਫਲ

ਜਲੰਧਰ, 7 ਮਈ (ਸ਼ਿਵ)-ਜੀ.ਐੱਸ.ਟੀ. ਵਿਭਾਗ ਦੇ ਡਿਪਟੀ ਕਮਿਸ਼ਨਰ ਦਰਬੀਰ ਰਾਜ ਦੀ ਅਗਵਾਈ ਵਿਚ ਵਿਭਾਗ ਦੇ ਜਲੰਧਰ ਡਵੀਜ਼ਨ ਦੇ ਜਲੰਧਰ-3 ਜ਼ਿਲ੍ਹੇ ਵਲੋਂ ਪਿੰਡ ਸਲੇਚਾਂ, ਸਵੇਰੇ ਲਗਭਗ 11 ਵਜੇ ਵਿਭਾਗੀ ਮਹੱਤਵਪੂਰਨ ਉਪਲਬਧੀ ਮੰਨੀ ਜਾ ਰਹੀ ਹੈ। ਬੋਲੀ ਦੀ ਕਾਰਵਾਈ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਨਿਯਮਾਂ ਅਨੁਸਾਰ ਕੀਤੀ ਗਈ। ਇਹ ਪ੍ਰਕਿਰਿਆ ਦੇ ਅਧੀਨ ਅਸਥਾਈ ਤੌਰ 'ਤੇ ਮਨਜ਼ੂਰ ਕੀਤਾ ਗਿਆ। ਵਿਭਾਗ ਨੇ ਪਹਿਲਾਂ ਹੀ ਸਾਰੇ ਬੋਲੀਦਾਰਾਂ ਨੂੰ ਜਾਣਕਾਰੀ ਦਿੱਤੀ ਸੀ ਕਿ ਕੁੱਲ ਬਕਾਇ ਕੀਤੀ ਜਮੀਨ ਵਿਚੋਂ 5 ਕਨਾਲ 2 ਮਰਲੇ 'ਤੇ ਬੋਰੇ ਦਾ ਕਬਜ਼ਾ ਹੈ। ਇਸ ਲਈ ਬੋਲੀ ਸਿਰਫ਼ ਬਾਕੀ ਰਹਿੰਦੀ 20 ਕਨਾਲ 3 ਮਰਲੇ ਜਮੀਨ ਲਈ ਹੀ ਕੀਤੀ ਗਈ। ਬੋਲੀ ਦੀਆਂ ਸ਼ਰਤਾਂ ਅਨੁਸਾਰ ਕੁੱਲ ਬੋਲੀ ਰਕਮ ਦਾ 25 ਫੀਸਦੀ ਹਿੱਸਾ, ਲਗਭਗ 28 ਲੱਖ ਰੁਪਏ, ਪਹਿਲਾਂ ਹੀ ਸਰਕਾਰੀ ਖ਼ਜ਼ਾਨੇ ਵਿਚ ਜਮਾਂ ਕਰਵਾ ਦਿੱਤਾ ਗਿਆ ਹੈ। ਵਿਭਾਗ ਅਨੁਸਾਰ ਡੀਲਰ ਜ਼ਿਲ੍ਹਾ ਮੁੱਢਲੀ ਬਰਾਇਆ ਰਕਮ 20.77 ਲੱਖ ਸੇ ਵਿਆਜ਼ ਸਮੇਤ 45 ਲੱਖ ਰੁਪਏ ਬਣਦਾ ਹੈ। ਇਹ ਕਾਰਵਾਈ ਡਿਪਟੀ ਕਮਿਸ਼ਨਰ ਸਟੇਟ ਟੈਕਸ ਮਿਸਿਜ਼ ਦਰਬੀਰ ਰਾਜ ਅਤੇ ਅਸਿਸਟੇਂਟ ਕਮਿਸ਼ਨਰ ਸਟੇਟ ਟੈਕਸ ਨਰਿੰਦਰ ਕੌਰ ਦੀ ਰੋਹਨੁਮਾਈ ਹੇਠ ਸੰਪੰਨ ਹੋਈ। ਇਸ ਦੇ ਨਾਲ ਸਟੇਟ ਟੈਕਸ ਅਫ਼ਸਰ ਨਵਤੇਜ ਸਿੰਘ, ਡਾ. ਮੈਣਾਲ ਸ਼ਰਮਾ ਅਤੇ ਕਰਨਬੀਰ ਸਿੰਘ ਰੋਪਾਰਾਂ ਨੇ ਇਸ ਕਾਰਵਾਈ ਨੂੰ ਸਫ਼ਲਤਾਪੂਰਵਕ ਅੰਜਾਮ ਦਿੱਤਾ।

ਬੋਲੀ ਦੌਰਾਨ ਡੀ.ਸੀ.ਐੱਸ.ਟੀ. ਦਰਬੀਰ ਰਾਜ ਕੌਰ, ਮ੍ਰਿਣਾਲ ਸ਼ਰਮਾ, ਨਵਤੇਜ ਸਿੰਘ, ਕਰਨਬੀਰ ਸਿੰਘ ਰੋਪਾਰਾਂ। ਅਜੀਤ ਤਸਵੀਰ

ਨਿਗਰਾਨੀ ਟੀਮ ਦੇ ਨਾਲ ਚਰਨਬੀਰ ਸਿੰਘ ਤੇ ਹੋਰ। ਤਸਵੀਰ: ਜੀ. ਪੀ. ਸਿੰਘ

ਏ. ਆਈ. ਤਕਨੀਕ ਨਾਲ ਸ਼ਹਿਰ ਦੀਆਂ ਸਮੱਸਿਆਵਾਂ ਹੱਲ ਕਰਨ ਲੱਗੀ ਨਿਗਮ

ਜਲੰਧਰ, 7 ਮਈ (ਸ਼ਿਵ)- ਮੌਸੂਦਾ ਸਮੇਂ ਵਿਚ ਏ. ਆਈ. (ਆਰਟੀਫੀਸ਼ੀਅਲ ਇੰਟੈਲੀਜੇਂਸ) ਤਕਨੀਕ ਹੁਣ ਕਈ ਵਿਭਾਗਾਂ ਅਤੇ ਅਦਾਇਆਂ ਦੀ ਲੋੜ ਬਣ ਚੁੱਕੀ ਹੈ ਤੇ ਇਸ ਤਕਨੀਕ ਨਾਲ ਕਈ ਅਹਿਮ ਕੰਮ ਸਿਰੇ ਚੜ੍ਹਾਏ ਜਾ ਰਹੇ ਹਨ। ਪਹਿਲੀ ਬਾਰ ਸਰਕਾਰ ਨੇ ਤਕਨੀਕ ਨਾਲ ਨਿਗਮਾਂ, ਕੌਂਸਲਾਂ ਵਿਚ ਸੱਮਸਿਆਵਾਂ ਨੂੰ ਹੱਲ ਕਰਨ ਲਈ ਇਸ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ ਜਿਸ ਦੇ ਤਹਿਤ ਪੀ. ਐਮ. ਆਈ. ਡੀ. ਸੀ. ਵਲੋਂ ਨਿਗਮਾਂ, ਕੌਂਸਲਾਂ ਤੇ ਹੋਰ ਅਦਾਇਆਂ ਵਿਚ ਏ. ਆਈ. ਤਕਨੀਕ ਨਾਲ ਸੱਮਸਿਆ ਹੱਲ ਕਰਨ ਦੀ ਯੋਜਨਾ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਦੇ ਤਹਿਤ ਸਲੇਚਰ ਦੇ ਚਾਰੇ ਵਿਧਾਨ ਸਭਾ ਹਲਕਿਆਂ ਵਿਚ 17 ਮੋਬਰਾਂ ਦੀ ਇਕ ਨਿਗਰਾਨੀ ਟੀਮ ਉਤਾਰੀ ਗਈ ਹੈ। ਇਨ੍ਹਾਂ ਦੀ ਨਿਗਰਾਨ 4 ਸੁਪਰਵਾਈਜ਼ਰਾਂ ਵਲੋਂ ਕੀਤੀ ਗਈ ਹੈ। ਪੀ. ਐਮ. ਆਈ. ਡੀ. ਸੀ. ਐਮ. ਚਰਨਬੀਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਕਤ ਨਿਗਰਾਨੀ ਟੀਮ ਦੇ ਮੋਬਰਾਂ ਨੂੰ ਸਿਹਤੇ ਏਪਡੀਆ ਵਾਹਨ ਦਿੱਤੇ ਗਏ ਹਨ। ਉਨ੍ਹਾਂ ਵਿਚ ਏ. ਆਈ. ਤਕਨੀਕ ਨਾਲ ਲੈਸ ਕੈਮਰੇ ਸਮੇਤ ਹੋਰ ਉਪਕਰਣ ਲੋੜੀ ਹੋਣ ਹਨ। ਜਦੋਂ ਇਹ ਟੀਮ ਸ਼ਹਿਰ ਦੀਆਂ ਸੜਕਾਂ, ਗਲੀਆਂ ਵਿਚੋਂ ਨਿਕਲਣਗੀਆਂ ਤਾਂ ਰਸਤੇ ਵਿਚ ਜੇਕਰ ਕੋਈ ਕੂੜੇ ਦਾ ਢੇਰ ਜਾਂ ਸੀਵਰੇਜ ਦਾ ਪਾਣੀ ਖੜ੍ਹਾ ਨਜ਼ਰ ਆਉਂਦਾ ਹੈ ਤਾਂ ਇਹ ਉਸ ਦੀ ਤਸਵੀਰ ਲੈ ਕੇ ਆਪੇ ਹੀ ਇਸ ਦੀ ਵੀਡੀਓ ਬਣਾਉਣਗੀਆਂ। ਇਹ ਵੀਡੀਓ ਆਟੋਮੈਟਿਕ ਤਰੀਕੇ ਨਾਲ ਸਬੰਧਿਤ ਨਿਗਮ, ਕੌਂਸਲ ਜਾਂ ਸਥਾਨਕ ਸਰਕਾਰਾਂ ਵਿਭਾਗਾਂ ਦੇ ਦਫਤਰ ਵਿਚ ਪੁੱਜ ਜਾਵੇਗਾ ਜਿਸ ਤੋਂ ਬਾਅਦ ਸੱਮਸਿਆ 'ਤੇ ਕਾਰਵਾਈ ਕਰਨ ਦਾ ਕੰਮ ਸ਼ੁਰੂ ਹੋ ਜਾਵੇਗੀ। ਚਰਨਬੀਰ ਸਿੰਘ ਦਾ ਕਹਿਣਾ ਸੀ ਕਿ ਸੱਮਸਿਆਵਾਂ ਦੇਖ ਕਰਵਾਉਣ ਲਈ ਇਹ ਤਕਨੀਕ ਕਾਫੀ ਕਾਰਗਰ ਸਾਬਤ ਹੋਣ ਵਾਲੀ ਹੈ। ਨਿਗਰਾਨੀ ਟੀਮ ਕੋਲ ਇਸ ਵੇਲੇ 200 ਤੋਂ ਜ਼ਿਆਦਾ ਸ਼ਿਕਾਇਤਾਂ ਆਈਆਂ ਹਨ, ਜਿਨਾਂ ਨੂੰ ਹੱਲ ਕਰਨ ਦਾ ਕੰਮ ਤੇਜ਼ੀ ਨਾਲ ਜਾਰੀ ਹੈ।

- ਸਾਰੇ ਹਲਕਿਆਂ ਵਿਚ ਨਿਗਰਾਨੀ ਲਈ ਟੀਮਾਂ ਦਾ ਗਠਨ
- ਕੂੜੇ, ਸੀਵਰੇਜ ਤੇ ਹੋਰ ਸਮੱਸਿਆ ਹੋਵੇਗੀ ਹੱਲ

ਬੇਅੰਤ ਸਿੰਘ ਪਾਰਕ ਵਿਚ ਰੇਹੜੀਆਂ ਵਾਲਿਆਂ ਤੋਂ ਨਾਜਾਇਜ਼ ਵਸੂਲੀ ਦੀ ਮੇਅਰ ਨੂੰ ਸ਼ਿਕਾਇਤ

ਮੇਅਰ ਅਤੇ ਕਮਿਸ਼ਨਰ ਨਾਲ ਅੱਜ ਰੇਹੜੀਆਂ ਵਾਲਿਆਂ ਨੂੰ ਲੈ ਕੇ ਮੁਲਾਕਾਤ ਕਰਨਗੇ ਕੇ. ਡੀ. ਭੰਡਾਰੀ

ਜਲੰਧਰ, 7 ਮਈ (ਸ਼ਿਵ)-ਮੇਅਰ ਵਨੀਤ ਧੀਰ ਨੇ ਕੁੱਝ ਸਮਾਂ ਪਹਿਲਾਂ ਸ਼ਹਿਰ ਵਿਚ ਤਹਿਬਾਜ਼ਾਰੀ ਵਿਭਾਗ ਵਲੋਂ ਬਣਦੀ ਪੂਰੀ ਵਸੂਲੀ ਨਾ ਕਰਨ ਕਰਕੇ ਸਾਰੇ ਸਟਾਫ਼ ਦੀ ਬਦਲੀ ਕਰ ਦਿੱਤੀ ਸੀ। ਇਸ ਤੋਂ ਇਲਾਵਾ ਉਨ੍ਹਾਂ ਵਲੋਂ ਇਸ ਮਾਮਲੇ ਦੀ ਅਲੱਗ ਤੌਰ ਵੀ ਜਾਂਚ ਕਰਵਾਈ ਗਈ ਸੀ ਜਿਸ ਵਿਚ ਸਾਹਮਣੇ ਆਇਆ ਸੀ ਕਿ ਨਾਮਦੇਵ ਚੌਕ ਦੇ ਕੋਲ ਕਈ ਰੇਹੜੀਆਂ ਵਾਲਿਆਂ ਨੂੰ ਪਰਚੀਆਂ ਨਹੀਂ ਦਿੱਤੀਆਂ ਜਾਂਦੀਆਂ ਹਨ। ਦੂਜੇ ਪਾਸੇ ਐਸ ਸਾਬਕਾ ਮੁੱਖ ਸੰਸਦੀ ਸਕੱਤਰ ਅਤੇ ਭਾਜਪਾ ਦੇ ਸੀਨੀਅਰ ਆਗੂ ਸ਼ਿਸ਼ਨ ਦੇਵ ਭੰਡਾਰੀ ਦੇ ਬੇਅੰਤ ਸਿੰਘ ਪਾਰਕ ਵਿਚ ਖ਼ਤੀਆਂ ਹੁੱਦੀਆਂ ਰੇਹੜੀਆਂ ਤੋਂ ਨਾਜਾਇਜ਼ ਵਸੂਲੀ ਕਰਨ ਦੇ ਦੋਸ਼ ਲਗਾਏ ਹਨ ਕਿ ਇਨ੍ਹਾਂ ਤੋਂ ਲੱਖਾਂ ਰੁਪਏ ਦੀ ਵਸੂਲੀ ਕੀਤੀ ਜਾ ਰਹੀ ਹੈ। ਸ਼ਿਸ਼ਨ ਦੇਵ ਭੰਡਾਰੀ ਨੇ ਕਿਹਾ ਕਿ ਇਸ ਬਾਰੇ ਉਨ੍ਹਾਂ ਨੇ ਮੇਅਰ ਨੂੰ ਦੱਸਿਆ ਕਿ ਬੇਅੰਤ ਸਿੰਘ ਪਾਰਕ ਵਿਚ ਉਨ੍ਹਾਂ ਵਲੋਂ ਕਈ ਰੇਹੜੀਆਂ ਲਗਵਾਈਆਂ ਗਈਆਂ ਸੀ। ਉਕਤ ਰੇਹੜੀ ਵਾਲੇ ਨਿਗਮ ਨੂੰ ਬਣਦੀ ਫ਼ੀਸ ਦੇ ਕੇ ਪਰਚੀ ਕਟਵਾਉਂਦੇ ਹਨ ਪਰ ਇਸ ਦੇ ਬਾਵਜੂਦ ਕੁੱਝ ਲੋਕ ਨਾਜਾਇਜ਼ ਵਸੂਲੀ ਕਰ ਰਹੇ ਹਨ। ਇਸ

ਵਸੂਲੀ ਲੈ ਕੇ ਕੱਟੀ ਗਈ ਰਸੀਦ ਜਿਸ ਬਾਰੇ ਕੇ. ਡੀ. ਭੰਡਾਰੀ ਵਲੋਂ ਮੇਅਰ, ਕਮਿਸ਼ਨਰ ਨੂੰ ਸ਼ਿਕਾਇਤ ਕੀਤੀ ਗਈ। ਤਸਵੀਰ: ਜੀ. ਪੀ. ਸਿੰਘ

ਕੇ. ਡੀ. ਭੰਡਾਰੀ

ਭੰਡਾਰੀ ਨੇ ਦੱਸਿਆ ਕਿ ਉਨ੍ਹਾਂ ਨੇ ਸਾਰੇ ਮਾਮਲੇ ਦੀ ਜਾਣਕਾਰੀ ਨਿਗਮ ਕਮਿਸ਼ਨਰ ਸੋਨੀਪ ਗਿਰੀ ਦੇ ਧਿਆਨ ਵਿਚ ਲੈ ਆਉਂਦੀ ਹੈ। ਕਮਿਸ਼ਨਰ ਨੇ ਭਰੋਸਾ ਦਿੱਤਾ ਕਿ ਇਸ ਮਾਮਲੇ ਵਿਚ ਪੂਰੀ ਬਣਦੀ ਕਾਰਵਾਈ ਕੀਤੀ ਜਾਵੇਗੀ।

'ਦ ਗੁਰੂਕੁਲ' ਸਕੂਲ 'ਚ ਵੱਖ-ਵੱਖ ਤਰ੍ਹਾਂ ਦੀਆਂ ਖੇਡਾਂ ਦੇ ਮੁਕਾਬਲੇ ਕਰਵਾਏ

ਜਲੰਧਰ, 7 ਮਈ (ਪਵਨ ਖਰਬੰਦਾ)- 'ਦ ਗੁਰੂਕੁਲ' ਸਕੂਲ ਵਿੱਚ ਵਿਸ਼ਵ ਅਥਲੈਟਿਕਸ ਦਿਵਸ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਪ੍ਰਾਇਮਰੀ ਵਿਭਾਗ ਦੇ ਵਿਦਿਆਰਥੀਆਂ ਲਈ ਵੱਖ-ਵੱਖ ਤਰ੍ਹਾਂ ਦੀਆਂ ਦੌੜਾਂ ਅਤੇ ਦਿਲਚਸਪ ਖੇਡਾਂ ਦਾ ਆਯੋਜਨ ਕਰਵਾਇਆ ਗਿਆ। ਸਾਰੇ ਵਿਦਿਆਰਥੀਆਂ ਨੇ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਮੁਕਾਬਲਿਆਂ 'ਚ ਹਿੱਸਾ ਲਿਆ ਅਤੇ ਆਪਣੀ ਖੇਡ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਦੇ ਡਾਇਰੈਕਟਰ ਸੁਸ਼ਮਾ ਹਾਂਡਾ ਅਤੇ ਪ੍ਰਿੰਸੀਪਲ ਰਾਧਾ ਰੀਖੜ ਨੇ ਜੇਤੂ ਵਿਦਿਆਰਥੀਆਂ ਨੂੰ ਮੈਡਲ ਅਤੇ ਪ੍ਰਮਾਣ-ਪੱਤਰ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਖੇਡਾਂ ਸਾਡੇ ਸਰੀਰਕ ਅਤੇ ਮਾਨਸਿਕ ਵਿਕਾਸ ਦਾ ਅਨਿੱਖੜਵਾਂ ਅੰਗ ਹਨ। ਜੀਵਨ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਵੀ ਇਸੇ ਤਰ੍ਹਾਂ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਲਗਨ ਨਾਲ ਲਗਾਤਾਰ ਅੱਗੇ ਵਧਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਨੇ ਸਾਰੇ ਭਾਗੀਦਾਰਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਜੇਤੂ ਵਿਦਿਆਰਥੀਆਂ ਦਾ ਸਨਮਾਨ ਕਰਦੇ ਹੋਏ ਪ੍ਰਿੰਸੀਪਲ ਰਾਧਾ ਰੀਖੜ ਤੇ ਦੋਵੇਂ ਡਾਇਰੈਕਟਰ ਵਿਦਿਆਰਥੀ। ਤਸਵੀਰਾਂ-ਜੀ.ਪੀ.ਸਿੰਘ

ਜੇ.ਡੀ.ਸੀ.ਏ ਵੱਲੋਂ ਲੜਕੀਆਂ ਦੇ ਚੋਣ ਟਰਾਇਲ 10 ਨੂੰ-ਸੰਜੀਵ ਅੰਗਰੀਸ਼

ਜਲੰਧਰ, 7 ਮਈ (ਡਾ.ਜਤਿੰਦਰ ਸਾਬੀ)-ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਕਰਵਾਏ ਜਾਣ ਵਾਲੇ ਅੰਤਰ ਜਿਲ੍ਹਾ ਕ੍ਰਿਕਟ ਟੂਰਨਾਮੈਂਟ ਲਈ ਜੇ.ਡੀ.ਸੀ.ਏ ਵੱਲੋਂ ਲੜਕੀਆਂ ਦੇ ਅੰਡਰ 15 ਸਾਲ, ਅੰਡਰ 19 ਸਾਲ ਤੇ ਸੀਨੀਅਰ ਵਰਗ ਦੇ ਚੋਣ ਟਰਾਇਲ 10 ਮਈ ਨੂੰ ਦੁਪਿਹਰ 2.30 ਵਜੇ ਬਲਲਟਨ ਪਾਰਕ ਕ੍ਰਿਕਟ ਸਟੇਡੀਅਮ ਜਲੰਧਰ